ਮਨੁੱਖੀ ਜੀਵਨ ਦੇ ਆਧਾਰ ਲਈ ਧਰਮ ਬਹੁਤ ਜ਼ਰੂਰੀ ਹੈ। ਇਸ ਲਈ ਵਿਦਿਆਰਥੀਆਂ ਨੂੰ ਦੁਨਿਆਵੀ ਵਿਦਿਆ ਦੇ ਨਾਲ-2 ਧਾਰਮਿਕ ਵਿਰਸੇ ਨਾਲ ਜੋੜਨਾ ਵੀ ਅਤਿ ਜਰੂਰੀ ਹੈ। ਸ਼੍ਰੋਮਣੀ ਗੁ. ਪ੍ਰ. ਕਮੇਟੀ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਮਕਸਦ ਨੂੰ ਮੁੱਖ ਰੱਖਦੇ ਹੋਏ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਮੀਪ ਨਾਂ ਦੀ ਕਮੇਟੀ ਸਥਾਪਿਤ ਕੀਤੀ ਗਈ ਹੈ। ਅਜੋਕੇ ਸਮੇਂ ਵਿੱਚ ਗੁਰੂ ਸਾਹਿਬ ਜੀ ਦੀ ਵਿਚਾਰਧਤਰਤ ਤੇ ਫਲਸਪੇ ਦਾ ਮਹੱਤਵ ਹੋਰ ਵੀ ਜਿਆਦਾ ਹੈ। ਗੁਰੂ ਸਾਹਿਬ ਜੀ ਦੁਆਰਾ ਸਰਬ-ਸਾਂਝੀਵਾਲਤਾ, ਮਾਨਵਤਾ, ਮਨੁੱਖੀ ਜੀਵਨ ਦੇ ਉਦੇਸ਼ ਕਿਰਤ ਅਤੇ ਵਾਤਾਵਰਨ ਸੰਬੰਧੀ ਜੋ ਬਹੁਮੁੱਲੇ ਵਿਚਾਰ ਆਪਣੀ ਬਾਣੀ ਰਾਹੀਂ ਦਿੱਤੇ ਹਨ, ਉਹਨਾਂ ਵਰਤਮਾਨ ਸਮੇਂ ਵਿੱਚ ਅਮਲ ਕਰਨ ਦੀ ਅਤਿਅੰਤ ਜ਼ਰੂਰਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੱਖ-2 ਵਰਣਾਂ ਵਰਗਾਂ, ਜਾਤਾਂ ਅਤੇ ਧਰਮਾਂ ਵਿੱਚ ਵੰਡੀ ਮਾਨਵ ਜਾਤੀ ਨੂੰ "ਸਭੈ ਸਾਂਝੀਵਾਲ ਸਦਾਇਨ, ਤੂੰ ਕਿਸੇ ਨਾ ਦਿਸਹਿ ਬਾਹਰਾ ਜੀਉ' ਦਾ ਸੰਦੇਸ਼ ਦੇ ਕੇ ਇੱਕੋ ਪ੍ਰਮਾਤਮਾ ਦੀ ਅਰਾਧਨਾ ਕਰਨ ਦਾ ਉਪਦੇਸ਼ ਦਿੱਤਾ ਹੈ। ਅੱਜ ਦੇ ਨੌਜਵਾਨ ਵਿਦਿਆਰਥੀਆਂ ਨੂੰ ਗੁਰਮਤਿ ਦੀ ਸੋਝੀ ਦੇਣਾ ਸਮੇਂ ਦੀ ਵੱਡੀ ਲੋੜ ਬਣ ਗਈ ਹੈ। ਉਨਾਂ ਧਰਮ ਪ੍ਰਤੀ ਸਰਧਾ-ਭਾਵਨਾ ,ਸਬਰ-ਸੰਤੋਖ, ਸੇਵਾ-ਸਿਮਰਨ ਅਤੇ ਸਿੱਖ ਧਰਮ ਅਨੁਸਾਰ ਜੀਵਨ-ਜੁਗਤਿ ਵਿੱਚ ਪ੍ਰਪੱਕ ਕਰਨਾ ਵਡੇਰੀ ਪੀੜੀ ਦਾ ਫਰਜ਼ ਹੈ ਤਾਂ ਕਿ ਅਕਾਦਮਿਕ ਵਿਦਿਆ ਦੇ ਨਾਲ ਨਾਲ ਗੁਰਮਤਿ ਦਾ ਗਿਆਨ ਕਰਵਾ ਕੇ ਉਨ੍ਹਾਂ ਵਿੱਚ ਸਿੱਖ ਧਰਮ ਦੇ ਵਿਰਸੇ ਦਾ ਵਾਰਸ ਹੋਣ ਦਾ ਅਹਿਸਾਸ ਦ੍ਰਿੜ ਕਰਵਾਇਆ ਜਾਂਦਾ ਹੈ। ਕਾਲਜ ਦੇ ਵਿਦਿਆਰਥੀਆਂ ਨੂੰ ਆਪਣੇ ਧਰਮ ਅਤੇ ਵਿਰਸੇ ਤੋਂ ਜਾਣੂ ਕਰਵਾਉਣ ਹਿੱਤ ਕਾਲਜ ਵਿੱਚ ਕਈ ਤਰਾਂ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ।